ਨੰ. 15/27/2008-2ਪੀ.ਪੀ.1/ 961

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ-1 ਸਾਖਾ)

ਮਿਤੀ, ਚੰਡੀਗੜ੍ਹ 26/10/2021

ਸੇਵਾ ਵਿੱਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

**ਵਿਸ਼ਾ:-** **ਗਰੁੱਪ ਏ.,ਬੀ.,ਸੀ. ਅਤੇ ਡੀ ਦੇ ਅਧਿਕਾਰੀ/ਕਰਮਚਾਰੀ ਦੀ ਸਾਲਾਨਾ ਏ.ਪੀ.ਏ.ਆਰ ਦੀ ਸਾਲ 2020-21 ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ।**

**(ਕੇਵਲ ਰਾਜ ਦੇ ਸਮੂਹ ਵਿਭਾਗਾਂ ਲਈ)**

*******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ:15/27/2008-2ਪੀ.ਪੀ.1/900, ਮਿਤੀ 30.09.2021, ਵੱਲ ਦਿਵਾਉਂਦੇ ਹੋਏ, ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਰਿਪੋਰਟਕਰਤਾ/ਰਿਵਿਊਕਰਤਾ ਅਥਾਰਟੀ ਵੱਲੋਂ ਉਨ੍ਹਾਂ ਅਧੀਨ ਕੰਮ ਕਰਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਏ.ਪੀ.ਏ.ਆਰਜ਼ ਲਿਖਣ ਦਾ ਸਮਾਂ ਵਧਾਇਆ ਗਿਆ ਸੀ। ਇਹ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕਈ ਵਿਭਾਗਾਂ ਵਿਖੇ ਆ ਰਹੀਆਂ ਤਕਨੀਕੀ ਦਿੱਕਤਾਂ ਕਾਰਨ ਰੀਵਿਊਕਰਤਾ ਅਥਾਰਿਟੀਆਂ ਵੱਲੋਂ APARs ਨਹੀਂ ਲਿਖੀਆਂ ਗਈਆਂ ਹਨ। ਸਮੁੱਚੀ ਸਥਿਤੀ ਨੂੰ ਵਿਚਾਰਦੇ ਹੋਏ ਸਰਕਾਰ ਵੱਲੋਂ ਰਿਵਿਊਕਰਤਾ ਅਤੇ ਪ੍ਰਵਾਨਕਰਤਾ ਅਧਿਕਾਰੀ ਦੁਆਰਾ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਏ.ਪੀ.ਏ.ਆਰਜ਼ ਲਿਖਣ ਸਬੰਧੀ ਸਮਾਂ ਵਧਾਉਣ ਲਈ ਫ਼ੈਸਲਾ ਲਿਆ ਗਿਆ ਹੈ। ਇਸ ਲਈ ਸਮੂਹ ਵਿਭਾਗ ਨਵੀਂ ਸਮੇਂ ਸਾਰਣੀ ਅਨੁਸਾਰ ਏ.ਪੀ.ਏ.ਆਰਜ਼ ਸਬੰਧੀ ਕਾਰਵਾਈ ਕਰਨੀ ਯਕੀਨੀ ਬਣਾਉਣ।

2. **ਰਾਜ ਦੇ ਸਮੂਹ ਵਿਭਾਗਾਂ** ਵਿਖੇ ਰੀਵਿਊਕਰਤਾ ਅਤੇ ਪ੍ਰਵਾਨਕਰਤਾ ਅਥਾਰਟੀਆਂ ਦੁਆਰਾ ਏ.ਪੀ.ਏ.ਆਰਜ਼ ਲਿਖਣ ਦੀ ਸਮੇਂ ਸਾਰਣੀ ਵਿੱਚ ਹੇਠ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

| ਲੜੀ ਨੰ. | APAR ਲਿਖਣ ਦਾ ਪੱਧਰ | ਮੌਜੂਦਾ (for 2020-2021) | ਸੋਧੀ ਹੋਈ ਮਿਤੀ |
|---|---|---|---|
| 1. | ਰੀਵਿਊਕਰਤਾ ਅਧਿਕਾਰੀ ਵੱਲੋਂ ਟਿੱਪਣੀ ਦਰਜ ਕਰਨ ਦੀ ਅਖੀਰੀ ਮਿਤੀ | 25 ਅਕਤੂਬਰ ਤੱਕ | 05 ਨਵੰਬਰ |
| 2. | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕਰਨ ਦੀ ਅਖੀਰੀ ਮਿਤੀ | 15 ਨਵੰਬਰ ਤੱਕ | 20 ਨਵੰਬਰ |

2. ਉਕਤ ਸਮੇਂ ਸਾਰਣੀ ਪੀ.ਸੀ.ਐਸ. ਕਾਡਰ ਅਤੇ ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਪ੍ਰਸ਼ਾਸਨ) ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੀਆਂ।

3. ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ,

26.10.21
ਅਧੀਨ ਸਕੱਤਰ, ਪ੍ਰਸੋਨਲ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

26.10.21
ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰਜ਼/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ:15/27/2008-2ਪੀ.ਪੀ.1/ ੯੬੨ ਮਿਤੀ, ਚੰਡੀਗੜ੍ਹ: ੨੬/੧੦/੨੦੨੧

ਅੰ:ਵਿ:ਪੱ:ਨੰ:15/27/2008-2ਪੀ.ਪੀ.1/ ੯੬੩ ਮਿਤੀ, ਚੰਡੀਗੜ੍ਹ: ੨੬/੧੦/੨੦੨੧

ਉਕਤ ਦਾ ਇੱਕ ਉਤਾਰਾ ਸ੍ਰੀ ਮੁਕੇਸ਼ ਰੈਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਅਗਲੇਰੀ ਕਾਰਵਾਈ (ਉਕਤ ਸਮੇਂ ਸਾਰਣੀ ਅਨੁਸਾਰ ਅਥਾਰਟੀਆਂ ਦੀ ਪੋਰਟਲ ਖੋਲਣ) ਲਈ ਭੇਜਿਆ ਜਾਂਦਾ ਹੈ।

ਵਿਸ਼ਵਾਸਪਾਤਰ

26.10.21
ਅਧੀਨ ਸਕੱਤਰ, ਪ੍ਰਸੋਨਲ